# ਪੰਜਾਬ ਸਕੂਲ ਸਿੱਖਿਆ ਬੋਰਡ

## ਪ੍ਰੈਸ ਨੋਟ

ਦਸਵੀਂ ਅਤੇ ਬਾਰ੍ਹਵੀਂ ਪ੍ਰੀਖਿਆ ਸਤੰਬਰ -2010 (ਸਮੈਸਟਰ-1), ਮਾਰਚ -2011(ਸਮੈਸਟਰ-2) ਅਤੇ ਸਤੰਬਰ -2011 (ਸਮੈਸਟਰ-1), ਮਾਰਚ -2012 (ਸਮੈਸਟਰ-2) ਵਿੱਚ ਜਿਹਨਾਂ ਪ੍ਰੀਖਿਆਰਥੀਆਂ ਦਾ ਨਤੀਜਾ ਫੇਲ /ਕੰਪਾਰਟਮੈਂਟ/ਰੀ-ਅਪੀਅਰ ਘੋਸ਼ਿਤ ਹੋਇਆ ਸੀ ਅਤੇ ਉਹ ਸਤੰਬਰ-2013 ਤੱਕ ਆਪਣੀ ਪ੍ਰੀਖਿਆ ਪਾਸ ਨਹੀਂ ਕਰ ਸਕੇ। ਉਹਨਾਂ ਪ੍ਰੀਖਿਆਰਥੀਆਂ ਨੂੰ ਪ੍ਰੀਖਿਆ ਪਾਸ ਕਰਨ ਲਈ ਇੱਕ ਹੋਰ ਵਿਸ਼ੇਸ਼ ਮੌਕਾ ਦਿੱਤਾ ਜਾਂਦਾ ਹੈ। ਫਾਰਮ ਅਤੇ ਫੀਸ ਜਮ੍ਹਾਂ ਕਰਵਾਉਣ ਦਾ ਸ਼ਡਿਊਲ ਹੇਠ ਲਿਖੇ ਅਨੁਸਾਰ ਹੈ।

| ਪ੍ਰੀਖਿਆ ਫੀਸ | ਬਿਨ੍ਹਾਂ ਲੇਟ ਫੀਸ ਅੰਤਿਮ ਮਿਤੀ | 2000/-ਰੁ: ਲੇਟ ਫੀਸ ਨਾਲ |
|---|---|---|
| 3000/-ਰੁ: (ਉੱਕਾ ਪੁੱਕਾ) | 21-02-2014 | 28-02-2014 |

2. ਦਸਵੀਂ ਅਤੇ ਬਾਰ੍ਹਵੀਂ ਪ੍ਰੀਖਿਆ ਮਾਰਚ -2013 ਵਿੱਚ ਰੈਗੂਲਰ / ਓਪਨ ਸਕੂਲ ਤੌਰ ਤੇ ਅਪੀਅਰ ਹੋਏ ਪ੍ਰੀਖਿਆਰਥੀ ਜਿਨ੍ਹਾਂ ਦਾ ਨਤੀਜਾ ਰੀ-ਅਪੀਅਰ /ਕੰਪਾਰਟਮੈਂਟ/ ਘੋਸ਼ਿਤ ਹੋਇਆ ਸੀ ਤੇ ਉਹ ਸਤੰਬਰ-2013 ਵਿੱਚ ਅਪਣੀ ਪ੍ਰੀਖਿਆ ਪਾਸ ਨਹੀ ਕਰ ਸਕੇ ਅਤੇ ਮਾਰਚ -2014 ਦੀ ਪ੍ਰੀਖਿਆ ਲਈ ਆਪਣਾ ਪ੍ਰੀਖਿਆ ਫਾਰਮ ਨਹੀਂ ਭਰ ਸਕੇ, ਹੁਣ ਅਜਿਹੇ ਪ੍ਰੀਖਿਆਰਥੀ ਆਪਣੀ ਪ੍ਰੀਖਿਆ ਫੀਸ ਅਤੇ ਫਾਰਮ ਹੇਠ ਲਿਖੇ ਸ਼ਡਿਊਲ ਅਨੁਸਾਰ ਮੁੱਖ ਦਫਤਰ ਵਿਖੇ ਜਮ੍ਹਾਂ ਕਰਵਾਉਣ ਉਪਰੰਤ ਆਪਣਾ ਰੋਲ ਨੰਬਰ ਦਸਤੀ ਪ੍ਰਾਪਤ ਕਰਨਗੇ :-

| ਪ੍ਰੀਖਿਆ ਫੀਸ | ਫੀਸ ਅਤੇ ਫਾਰਮ ਜਮ੍ਹਾਂ ਕਰਵਾਉਣ ਦੀ ਅੰਤਿਮ ਮਿਤੀ |
|---|---|
| ਦਸਵੀ ਲਈ : 870 ਰੁ: +3000 ਲੇਟ ਫੀਸ<br>ਬਾਰ੍ਹਵੀਂ ਲਈ : 1100 ਰੁ:+3000 ਲੇਟ ਫੀਸ | 07-02-2014 ਤੱਕ |

ਨੋਟ:-

1. ਪ੍ਰੀਖਿਆ ਲਈ ਫਾਰਮ ਅਤੇ ਹੋਰ ਜਾਣਕਾਰੀ ਬੋਰਡ ਦੀ ਵੈਬਸਾਈਟ www.pseb.ac.in ਤੋਂ ਡਾਊਨਲੋਡ ਕਰ ਲਈ ਜਾਵੇ।
2. ਸਮੈਸਟਰ ਪ੍ਰਣਾਲੀ ਦੀ ਪ੍ਰੀਖਿਆ ਅਪ੍ਰੈਲ ਮਹੀਨੇ ਵਿੱਚ ਹੋਵੇਗੀ।
3. ਸਮੈਸਟਰ ਵਾਲੇ ਪ੍ਰੀਖਿਆਰਥੀਆਂ ਦੀ ਪ੍ਰੀਖਿਆ ਜਿਲ੍ਹਾ ਹੈਡ ਕੁਆਟਰ ਤੇ ਲਈ ਜਾਵੇਗੀ।
4. ਮਾਰਚ 2013 ਨਾਲ ਸਬੰਧਤ ਕੰਪਾਰਟਮੈਂਟ/ਰੀਅਪੀਅਰ ਪ੍ਰੀਖਿਆਰਥੀਆਂ ਦੀ ਪ੍ਰੀਖਿਆ ਮਾਰਚ 2014 ਵਿੱਚ ਹੋਣ ਵਾਲੀ ਪ੍ਰੀਖਿਆ ਦੇ ਨਾਲ ਹੀ ਲਈ ਜਾਵੇਗੀ।
5. ਪ੍ਰੀਖਿਆਰਥੀ ਪ੍ਰੀਖਿਆ ਫੀਸ ਅਤੇ ਫਾਰਮ ਇੱਕਠੇ ਜਮ੍ਹਾਂ ਕਰਵਾਉਣਗੇ।
6. ਸਮੈਸਟਰ ਵਾਲੇ ਪ੍ਰੀਖਿਆਰਥੀ ਹਰੇਕ ਸਮੈਸਟਰ ਲਈ ਵੱਖਰੀ ਫੀਸ ਅਤੇ ਫਾਰਮ ਭਰਨਗੇ।
7. ਸਮੈਸਟਰ ਪ੍ਰਣਾਲੀ ਅਧੀਨ ਬਿਨ੍ਹਾਂ ਲੇਟ ਫੀਸ ਪ੍ਰੀਖਿਆ ਫਾਰਮ ਖੇਤਰੀ ਦਫਤਰਾਂ ਵਿਖੇ ਅਤੇ 2000/- ਰੁਪਏ ਲੇਟ ਫੀਸ ਨਾਲ ਮੁੱਖ ਦਫਤਰ ਵਿਖੇ ਜਮ੍ਹਾਂ ਹੋਣਗੇ।

ਸਕੱਤਰ